**THE PUNJAB STATE BOARD OF TECHNICAL EDUCATION AND INDUSTRIAL TRAINING**
PLOT NO. 1-A, SEC. 36-A, CHANDIGARH PH. : 615385, 622584-85 FAX : 660734

ਨੰ:ਪੀ.ਐਸ.ਬੀ/ਆਈ.ਟੀ/20/ 836 ਅਤਿ ਜਰੂਰੀ/ਸਮਾਂਬੱਧ ਮਿਤੀ: 7.09.2020

ਸੇਵਾ ਵਿਖੇ,

ਪ੍ਰਿੰਸੀਪਲ,
ਸਮੂਹ ਆਈ.ਟੀ.ਆਈ/ਆਈ.ਟੀ.ਸੀ(ਇ:)/ਪ੍ਰਾਈਵੇਟ ਆਈ.ਟੀ.ਸੀ,
ਆਰਟ ਐਂਡ ਕਰਾਫਟ ਅਤੇ ਟੀਚਰ ਟ੍ਰੇਨਿੰਗ ਸੰਸਥਾਵਾਂ, ਪੰਜਾਬ ਰਾਜ ਅਧੀਨ।

**ਵਿਸ਼ਾ: ਉਦਯੋਗਿਕ ਸਿਖਲਾਈ ਸੰਸਥਾਵਾਂ ਵਿੱਚ ਸੈਸ਼ਨ 2019-20 ਦੋਰਾਨ ਕਰਾਫਟਸਮੈਨ ਟ੍ਰੇਨਿੰਗ ਸਕੀਮ (ਐਨ.ਸੀ.ਵੀ.ਟੀ./ਐਸ.ਸੀ.ਵੀ.ਟੀ.) ਅਧੀਨ ਚੱਲ ਰਹੀਆਂ ਟਰੇਡਾਂ, ਆਰਟ ਐਂਡ ਕਰਾਫਟ, ਟੀਚਰ ਟ੍ਰੇਨਿੰਗ ਕੋਰਸਾਂ ਵਿੱਚ ਦਾਖਲ ਹੋਏ ਸਿਖਿਆਰਥੀਆਂ ਦੀ ਰਜਿਸਟਰੇਸ਼ਨ ਫੀਸ ਇੱਕਠੀ ਕਰਨ ਸਬੰਧੀ।**

ਉਪਰੋਕਤ ਵਿਸੇ ਦੇ ਸਬੰਧ ਵਿੱਚ ਆਪ ਜੀ ਨੂੰ ਦਸਿਆ ਜਾਂਦਾ ਹੈ ਕਿ ਸੈਸ਼ਨ ਅਗਸਤ 2019 ਵਿੱਚ ਕਰਾਫਟਸਮੈਨ ਟ੍ਰੇਨਿੰਗ ਸਕੀਮ ਅਧੀਨ ਚੱਲ ਰਹੀਆਂ ਟਰੇਡਾਂ, ਆਰਟ ਐਂਡ ਕਰਾਫਟ ਅਤੇ ਟੀਚਰ ਟ੍ਰੇਨਿੰਗ ਕੋਰਸਾਂ ਵਿੱਚ ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ ਜੀ ਵਲੋਂ ਆਨ੍ਲਾਈਨ ਦਾਖਲਾ ਕੀਤਾ ਗਿਆ ਹੈ। ਇਸ ਸਬੰਧ ਵਿੱਚ ਪੱਤਰ ਨੰ: 747 ਮਿਤੀ: 06.08.2020 ਅਪਲੋਡ ਕੀਤਾ ਗਿਆ ਸੀ। ਪੰਜਾਬ ਰਾਜ ਦੀਆਂ ਸਮੂਹ ਸੰਸਥਾਵਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਰਜਿਸਟਰੇਸ਼ਨ ਲਈ ਹੇਠ ਦਰਸਾਏ ਸ਼ੈਡਿਊਲ ਮੁਤਾਬਕ ਫੀਸ ਅਤੇ ਲਿਸਟਾਂ ਜਮ੍ਹਾਂ ਕਰਵਾਉਣੀਆਂ ਯਕੀਨੀ ਬਣਾਈਆਂ ਜਾਣ:

1. ਇਸ ਸਬੰਧ ਵਿੱਚ ਕੰਪਿਊਟਰ ਸ਼ਾਖਾ ਵਲੋਂ ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ ਵਲੋਂ ਐਸ.ਸੀ.ਵੀ.ਟੀ. ਟਰੇਡਾਂ ਵਿੱਚ ਦਾਖਲ ਹੋਏ ਸਿਖਿਆਰਥੀਆਂ ਦੀ ਭੇਜੀਆਂ ਗਈਆਂ ਦਾਖਲਾ ਲਿਸਟਾਂ ਦੀ ਸੰਸਥਾ ਵਾਇਜ/ਟਰੇਡ ਵਾਇਜ ਫਾਇਲਾਂ ਬੋਰਡ ਦੀ ਵੈਬਸਾਇਟ ਤੇ ਅਪਲੋਡ ਕੀਤੀ ਗਈਆਂ ਹਨ। ਸੰਸਥਾਵਾਂ ਇਹ ਲਿਸਟਾਂ ਅਤੇ ਫੀਸ Summary Performa ਬੋਰਡ ਦੀ ਵੈਬਸਾਇਟ ਤੋਂ ਡਾਉਨਲੋਡ ਕਰਕੇ ਇਸ ਅਨੁਸਾਰ ਫੀਸ ਡੀਟੇਲ ਬਣਾ ਕੇ ਹੇਠ ਲਿਖੇ ਬੋਰਡ ਦੇ ਬੈਂਕ ਖਾਤੇ ਵਿੱਚ cash offline deposite on Punjab National Bank performa ਰਾਹੀਂ 150/- ਰਪੁਏ ਪ੍ਰਤੀ ਸਿਖਿਆਰਥੀ ਬਿਨ੍ਹਾਂ ਲੇਟ ਫੀਸ ਦੇ ਮਿਤੀ: 15-09-2020 ਤੱਕ ਜਮਾਂ ਕਰਵਾ ਕੇ ਰਸੀਦ ਪ੍ਰਾਪਤ ਕਰੇਗੀ :

| Sr. No. | Name of Bank | Account No. | IFSC Code |
|---|---|---|---|
| 1 | Punjab National Bank Sector 17-B, Chandigarh | 0087000111222350 | PUNB0008700 |

ਇਸ ਉਪਰੰਤ ਸੰਸਥਾਵਾਂ ਮੁੱਕਮਲ ਦਾਖਲ ਹੋਏ ਸਿਖਿਆਰਥੀਆਂ ਦੀ ਲਿਸਟਾਂ, ਜਮਾਂ ਕਰਵਾਈ ਗਈ ਫੀਸ ਦੀ ਰਸੀਦ ਦੀ ਕਾਪੀ ਅਤੇ ਫੀਸ ਸਮੱਗੀ ਪ੍ਰਫਾਰਮੇ ਦੀ ਤਸਦੀਕਸ਼ੁਦਾ ਕਾਪੀ ਸਕੈਨ ਕਰਕੇ ਬੋਰਡ ਦਫਤਰ ਨੂੰ ਈਮੇਲ ਐਡਰੇਸ <u>reconciliation.fees@gmail.com ਅਤੇ psbteacct@gmail.com</u> ਮਿਤੀ: 18-09-2020 ਤੱਕ ਭੇਜਣਾ ਯਕੀਨੀ ਬਨਾਉਣਗੀਆਂ।

2. ਇਸ ਤੋਂ ਇਲਾਵਾ ਸੰਸਥਾਵਾਂ ਐਮ. ਆਈ. ਐਸ. ਪੋਰਟਲ (NCVT) ਤੇ ਰਜਿਸਟਰਡ/ਅਪਲੋਡ ਕੀਤੇ ਗਏ ਸਿਖਿਆਰਥੀਆਂ ਦੀ ਲਿਸਟਾਂ ਡਾਊਨਲੋਡ ਕਰਕੇ ਪ੍ਰਿੰਸੀਪਲ ਵਲੋਂ ਤਸਦੀਕ (Duly stamped and signed by Principal) ਕਰਨ ਉਪਰੰਤ ਸਕੈਨ ਕਰਕੇ (ਟਰੇਡ ਵਾਇਜ ਲਿਸਟਾਂ), ਉਪਰੋਕਤ ਦਰਸਾਈ ਮਿਤੀ ਅਨੁਸਾਰ ਬੈਂਕ ਵਿੱਚ ਫੀਸ ਜਮ੍ਹਾਂ ਕਰਵਾ ਕੇ ਫੀਸ ਰਸੀਦ ਅਤੇ ਫੀਸ ਸਮੱਗਰੀ ਪ੍ਰੋਫਾਰਮੇ ਦੀ ਪ੍ਰਿੰਸੀਪਲ ਵਲੋਂ ਤਸਦੀਕਸ਼ੁਦਾ ਕਾਪੀਆਂ ਸਕੈਨ ਕਰਕੇ ਬੋਰਡ ਦਫਤਰ ਦੀ ਈਮੇਲ ਐਡਰੇਸ **reconciliation.fees@gmail.com ਅਤੇ psbteacct@gmail.com** ਤੇ ਮਿਤੀ:18-09-2020 ਤੱਕ ਭੇਜੇਗੀ।

3. ਇਸ ਉਪਰੰਤ ਸੰਸਥਾਵਾਂ ਬੋਰਡ ਦਫਤਰ ਵੱਲੋਂ SCVT ਦੀਆਂ ਡਾਊਨਲੋਡ ਕੀਤੀਆਂ ਗਈਆਂ ਲਿਸਟਾਂ ਵਿੱਚ ਰਜਿਸਟਰਡ ਹੋਣ ਵਾਲੇ ਸਿਖਿਆਰਥੀਆਂ ਦੇ ਡਾਟੇ ਵਿਚੋਂ delete ਕੀਤੇ ਜਾਣ ਵਾਲੇ ਸਿਖਿਆਰਥੀਆਂ ਦਾ ਡਾਟਾ Excel ਫਾਰਮੇਟ ਵਿੱਚ ਤਿਆਰ ਕਰਕੇ ਈਮੇਲ ਐਡਰੇਸ **reconciliation.fees@gmail.com ਅਤੇ psbteacct@gmail.com** ਤੇ ਮਿਤੀ:18-09-2020 ਤੱਕ ਭੇਜੇਗੀ।

4. ਰਜਿਸਟਰੇਸ਼ਨ ਫੀਸ ਇਕੋ ਵਾਰ ਹੀ ਮੁਕੰਮਲ ਰੂਪ ਵਿੱਚ ਤਿਆਰ ਕਰਕੇ ਜਮ੍ਹਾਂ ਕਰਵਾਉਣੀ ਯਕੀਨੀ ਬਣਾਈ ਜਾਵੇ।

5. ਨਿਰਧਾਰਿਤ ਮਿਤੀ: ਉਪਰੰਤ ਸੰਸਥਾਵਾਂ ਮਿਤੀ:22-09-2020 ਤੱਕ ਸਿਖਿਆਰਥੀਆਂ ਤੋਂ ਲੇਟ ਫੀਸ (1000/- ਰੁਪਏ ਪ੍ਰਤੀ ਸਿਖਿਆਰਥੀ +150/- ਰੁਪਏ ਨਿਰਧਾਰਤ ਫੀਸ) ਪ੍ਰਾਪਤ ਕਰਕੇ ਨਿਰਧਾਰਤ ਬੈਂਕ ਵਿੱਚ ਜਮ੍ਹਾਂ ਕਰਵਾਉਣਗੀਆਂ ਅਤੇ ਇਸ ਉਪਰੰਤ ਲੇਟ ਫੀਸ ਨਾਲ ਦਾਖਲ ਹੋਏ ਸਿਖਿਆਰਥੀਆਂ ਦੀ ਲਿਸਟਾਂ, ਜਮਾਂ ਕਰਵਾਈ ਗਈ ਫੀਸ ਦੀ ਰਸੀਦ ਅਤੇ ਉਪਰੋਕਤ ਦਰਸਾਏ ਅਨੁਸਾਰ ਲੋੜੀਂਦੇ ਦਸਤਾਵੇਜਾਂ ਅਤੇ ਐਕਸਲ ਫਾਇਲਾਂ ਮਿਤੀ: 23-09-2020 ਤੱਕ ਬੋਰਡ ਦਫਤਰ ਦੇ ਈਮੇਲ ਐਡਰੇਸ **reconciliation.fees@gmail.com ਅਤੇ psbteacct@gmail.com** ਤੇ ਭੇਜਣਾ ਯਕੀਨੀ ਬਨਾਉਣਗੀਆਂ।

6. ਸਮੂਹ ਉਦਯੋਗਿਕ ਸਿਖਲਾਈ ਸੰਸਥਾਵਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਰਜਿਸਟਰੇਸ਼ਨ ਫਾਰਮ ਬੋਰਡ ਦਫਤਰ ਵਿਖੇ ਉਪਲੱਬਧ ਹਨ ਅਤੇ ਸੰਸਥਾਵਾਂ ਦੁਆਰਾ ਬੋਰਡ ਦਫਤਰ ਦੇ ਸਟੋਰ ਤੋਂ ਪ੍ਰਾਪਤ ਕਰ ਲਏ ਜਾਣ ਅਤੇ ਦਾਖਲ ਹੋਏ ਵਿਦਿਆਰਥੀਆਂ ਦੇ ਰਜਿਸਟਰੇਸ਼ਨ ਫਾਰਮ ਸੰਸਥਾਵਾਂ ਸਬੰਧਤ ਵਿਦਿਆਰਥੀਆਂ ਤੋਂ ਭਰਵਾ ਕੇ ਬੋਰਡ ਦਫਤਰ ਵਿਖੇ ਸਬੰਧਤ ਜਿਲੇ ਦੇ ਸੂਚਨਾ ਸਹਾਇਕਾਂ ਕੋਲ ਜਮਾਂ ਕਰਵਾਉਣਗੇ ਅਤੇ ਸੰਸਥਾਵਾਂ ਦਾਖਲ ਹੋਏ ਵਿਦਿਆਰਥੀਆਂ ਦੀ ਰਜਿਸਟਰੇਸ਼ਨ ਦਾ ਪੂਰਾ ਰਿਕਾਰਡ ਆਪਣੀ ਸੰਸਥਾ ਵਿੱਚ ਵੀ ਰੱਖਣਗੀਆਂ। ਇੱਥੇ ਇਹ ਦੱਸਣਾ ਉਚਿਤ ਹੋਵੇਗਾ ਕਿ ਸੰਸਥਾਵਾਂ ਨੂੰ ਬੈਂਕ ਵਿੱਚ ਭਰੀ ਗਈ ਰਜਿਸਟਰੇਸ਼ਨ ਫੀਸ ਅਨੁਸਾਰ ਫਾਰਮ ਜਾਰੀ ਕੀਤੇ ਜਾਣਗੇ। ਇਸ ਲਈ ਸੰਸਥਾਵਾਂ ਭਰੀ ਗਈ ਫੀਸ ਦੀ ਪ੍ਰਿੰਸੀਪਲ ਦੁਆਰਾ ਤਸਦੀਕਸ਼ੁਦਾ ਰਸੀਦ ਦੀ ਕਾਪੀ ਬੋਰਡ ਦਫਤਰ ਵਿਖੇ ਲੈ ਕੇ ਆਉਣਾ ਯਕੀਨੀ ਬਣਾਉਣ ਤਾਂ ਜੋ ਉਸ ਅਨੁਸਾਰ ਰਜਿਸਟਰੇਸ਼ਨ ਫਾਰਮ ਜਾਰੀ ਕੀਤੇ ਜਾ ਸਕਣ।

ਇਹ ਆਪ ਦੀ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿਤ ਹੈ।

7/9/20

**ਨੱਥੀ: ਫੀਸ ਸਮੱਗਰੀ ਪ੍ਰੋਫਾਰਮਾ**
**ਬੈਂਕ ਚਲਾਨ ਦੀ ਕਾਪੀ**

**ਕੰਟਰੋਲਰ ਪ੍ਰੀਖਿਆਵਾਂ (ITI)**
**ਵਾਸਤੇ: ਸਕੱਤਰ**

ਉਪਰੋਕਤ ਦਾ ਉਤਾਰਾ ਹੇਠ ਲਿਖੀਆਂ ਨੂੰ ਸੂਚਨਾ/ਰਿਕਾਰਡ ਹਿਤ ਭੇਜਿਆ ਜਾਂਦਾ ਹੈ:

1. ਪੀ.ਏ ਟੂ ਸਕੱਤਰ
2. ਸਿਸਟਮ ਐਡਮਿਨਸਟ੍ਰੇਟਰ
3. ਸੈਕਸ਼ਨ ਅਫਸਰ, ਵਿੱਤ ਅਤੇ ਲੇਖਾ ਸ਼ਾਖਾ ਨੂੰ ਭੇਜਦੇ ਹੋਏ ਕਿਹਾ ਜਾਂਦਾ ਹੈ ਕਿ ਸਬੰਧਤ ਬੈਂਕ ਨੰ ਹਦਾਇਤ ਕਰ ਦਿਤੀ ਜਾਵੇ ਕਿ ਦਰਸਾਈ ਮਿਤੀ ਤੱਕ ਹੀ ਫੀਸਾਂ ਲਈਆਂ ਜਾਣ। ਕਾਰਜ ਮੁਕੰਮਲ ਹੋਣ

ਉਪਰੰਤ ਲੇਖਾ ਸ਼ਾਖਾ ਬੈਂਕਾਂ ਵਿੱਚ ਜਮ੍ਹਾਂ ਹੋਈਆਂ ਫੀਸਾਂ ਦਾ ਵੇਰਵਾ ਆਈ.ਟੀ.ਆਈ ਸ਼ਾਖਾ ਨੂੰ ਭੇਜਿਆ ਜਾਵੇ ਜੀ ਤਾਂ ਜੋ ਸਮੇਂ ਸਿਰ ਫੀਸਾਂ ਦਾ ਮਿਲਾਨ ਕੀਤਾ ਜਾ ਸਕੇ।

4. ਆਈ.ਟੀ.ਆਈ. ਸਾਖਾ ਵਿਖੇ ਜਿਲ੍ਹੇ ਵਾਰ ਕਾਰਜ ਨਾਲ ਸਬੰਧਤ ਸਮੂਹ ਸੂਚਨਾਂ ਸਹਾਇਕ ਨੂੰ ਲੋੜੀਂਦੀ ਕਾਰਵਾਈ ਹਿਤ।

7/9/20

**ਕੰਟਰੋਲਰ ਪ੍ਰੀਖਿਆਵਾਂ (ITI)**
**ਵਾਸਤੇ ਸਕੱਤਰ**